## ਬੱਚੇ/ਜਵਾਨ ਦੇ ਜਿਨਸੀ ਸ਼ੋਸ਼ਣ ਦੇ

# ਚੇਤਾਵਨੀ ਸੰਕੇਤ

ਕਿਸੇ ਬੱਚੇ ਜਾਂ ਜਵਾਨ ਦੇ ਲਿੰਗਕ ਸ਼ੋਸ਼ਣ ਜਾਂ ਲਿੰਗਕ ਤਸਕਰੀ ਨੂੰ ਪਛਾਣਨਾ ਇੱਕ ਮੁਸ਼ਕਲ ਕੰਮ ਹੋ ਸਕਦਾ ਹੈ। ਅਕਸਰ ਬਹੁਤ ਸਾਰੇ ਸੰਕੇਤ ਹੁੰਦੇ ਹਨ ਕਿ ਕੋਈ ਜਵਾਨ ਕਿਸੇ ਸ਼ੋਸ਼ਣ ਵਾਲੀ ਹਾਲਤ ਵਿੱਚ ਹੋ ਸਕਦਾ ਹੈ, ਪਰ ਹੇਠਾਂ ਦੱਸੇ ਗਏ ਪੰਜ ਮੁੱਖ ਚੇਤਾਵਨੀ ਸੰਕੇਤ ਹਨ ਜਿਹੜੇ ਅਸੀਂ ਆਪਣੀਆਂ ਵਰਕਸ਼ਾਪਾਂ ਵਿੱਚ ਜਵਾਨਾਂ ਨੂੰ ਦੱਸਦੇ ਹਾਂ। ਹੋ ਸਕਦਾ ਹੈ ਕਿ ਤੁਸੀਂ ਹਮੇਸ਼ਾ ਸਾਰੇ 5 ਚੇਤਾਵਨੀ ਸੰਕੇਤਾਂ ਦਾ ਪਤਾ ਨਾ ਲਗਾ ਸਕੋਂ, ਕਈ ਵਾਰ 1 ਜਾਂ 2 ਸੰਕੇਤ ਕਾਫ਼ੀ ਹੁੰਦੇ ਹਨ।

### ਉਮਰ ਦਾ ਫ਼ਰਕ

ਛੋਟੇ ਪੀੜਤਾਂ ਨੂੰ ਉਨ੍ਹਾਂ ਦੀ ਕਮਜ਼ੋਰੀ ਦੇ ਕਾਰਨ ਅਕਸਰ ਤਸਕਰੀ ਕਰਨ ਵਾਲੇ ਅਤੇ ਸ਼ੋਸ਼ਣ ਕਰਨ ਵਾਲੇ ਆਪਣਾ ਨਿਸ਼ਾਨਾ ਬਣਾਉਂਦੇ ਹਨ। ਉਹ ਕਈ ਵਾਰ ਰਿਸ਼ਤਾ ਬਣਾਉਣ ਲਈ "ਬੁਆਇਫ੍ਰੈਂਡ/ਗਰਲਫ੍ਰੈਂਡ" ਹੋਣ ਦਾ ਢੌਂਗ ਕਰਦੇ ਹਨ। ਜੇਕਰ ਕੋਈ ਬੱਚਾ ਆਪਣੇ ਤੋਂ ਬਹੁਤ ਜ਼ਿਆਦਾ ਵੱਡੀ ਉਮਰ ਦੇ ਕਿਸੇ ਵਿਅਕਤੀ ਨਾਲ, ਔਨਲਾਈਨ ਜਾਂ ਆਫ਼ਲਾਈਨ ਸਮਾਂ ਬਿਤਾ ਰਿਹਾ ਹੈ, ਤਾਂ ਇਹ ਇੱਕ ਚੇਤਾਵਨੀ ਸੰਕੇਤ ਹੋ ਸਕਦਾ ਹੈ।

### ਸਰੀਰਕ ਅਤੇ ਭਾਵਨਾਤਮਕ ਅਲੱਗ-ਥਲੱਗਤਾ

ਸ਼ੋਸ਼ਕ, ਤਸਕਰੀ ਕਰਨ ਵਾਲੇ, ਜਾਂ ਭਰਤੀ ਕਰਨ ਵਾਲੇ ਕਿਸੇ ਜਵਾਨ ਨੂੰ ਉਸ ਦੇ ਦੋਸਤਾਂ, ਪਰਿਵਾਰ ਅਤੇ ਹੋਰ ਭਰੋਸੇਮੰਦ ਬਾਲਗਾਂ ਨਾਲ ਸਿਹਤਮੰਦ ਸਬੰਧਾਂ ਤੋਂ ਦੂਰ ਰੱਖਣ ਜਾਂ ਅਲੱਗ-ਥਲੱਗ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ।

### ਗਿਫਟ

ਸ਼ੋਸ਼ਕ ਸ਼ੁਰੂ ਵਿੱਚ ਵਿਸ਼ਵਾਸ ਬਣਾਉਣ ਲਈ ਗਿਫਟ ਦਿੰਦੇ ਹਨ ਅਤੇ ਫਿਰ ਉਨ੍ਹਾਂ ਗਿਫਟਾਂ ਨੂੰ ਕਰਜ਼ੇ ਦੇ ਤੌਰ 'ਤੇ ਵਰਤਦੇ ਹਨ ਜਿਹੜਾ ਵਾਪਸ ਲੈਣਾ ਹੁੰਦਾ ਹੈ। ਇਹ ਬਹੁਤ ਮਹਿੰਗੀਆਂ ਅਤੇ ਜਵਾਨਾਂ ਦੀ ਪਹੁੰਚ ਤੋਂ ਬਾਹਰ ਦੀਆਂ ਵਰਤੋਂ ਕਰਨ ਵਾਲੀਆਂ ਚੀਜ਼ਾਂ ਹੋ ਸਕਦੀਆਂ ਹਨ (ਜਿਵੇਂ ਕਿ, ਇਲੈਕਟ੍ਰਾਨਿਕ ਡਿਵਾਈਸ, ਕੱਪੜੇ, ਗਹਿਣੇ, ਸ਼ਰਾਬ, ਨਸ਼ੇ, ਆਦਿ), ਜਾਂ ਵਰਚੁਅਲ ਤੋਹਫ਼ੇ (ਜਿਵੇਂ ਕਿ ਔਨਲਾਈਨ ਗਿਫਟ ਕਾਰਡ, ਗੇਮਾਂ ਲਈ ਚੀਟ/ਐਡਮਿਨ ਕੋਡ)।

### ਜੀਵਨ ਢੰਗ ਵਿੱਚ ਬਦਲਾਅ

ਵਿਹਾਰ ਵਿੱਚ ਸਪੱਸ਼ਟ ਬਦਲਾਅ, ਜਿਸ ਵਿੱਚ ਸਕੂਲ 'ਤੋਂ ਛੁੱਟੀ ਮਾਰਨੀ, ਦੇਰ ਨਾਲ ਸੌਣਾ/ਬਾਹਰ ਰਹਿਣਾ, ਆਮ ਹੀ ਥੱਕਿਆ ਮਹਿਸੂਸ ਕਰਨਾ, ਜ਼ਿਆਦਾ ਪਾਰਟੀਆਂ ਕਰਨਾ, ਨਵੇਂ/ਪੁਰਾਣੇ ਦੋਸਤਾਂ ਨਾਲ ਘੁੰਮਣਾ ਸ਼ਾਮਲ ਹੈ, ਇਹ ਲਾਲ ਝੰਡੀ (ਚੇਤਾਵਨੀ ਦਾ ਸੰਕੇਤ) ਹੋ ਸਕਦੀ ਹੈ।

### ਅੰਦਰ ਦੀ ਅਵਾਜ਼

ਧਿਆਨ ਦਿਉ ਅਤੇ ਆਪਣੀ ਅੰਤਰ-ਆਤਮਾ 'ਤੇ ਭਰੋਸਾ ਕਰੋ।

ਇਹਨਾਂ ਚੇਤਾਵਨੀ ਸੰਕੇਤਾਂ ਦੇ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਬੱਚੇ ਦਾ ਸ਼ੋਸ਼ਣ ਹੋ ਰਿਹਾ ਹੈ। ਫਿਰ ਵੀ, ਚੇਤਾਵਨੀ ਸੰਕੇਤਾਂ ਵੱਲ ਧਿਆਨ ਦਿੱਤਾ ਜਾਣਾ ਚਾਹੀਦਾ ਹੈ, ਇਹਨਾਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਅਤੇ ਇਹਨਾਂ 'ਤੇ ਗੱਲਬਾਤ ਕੀਤੀ ਜਾਣੀ ਚਾਹੀਦੀ ਹੈ।
**ਜੇਕਰ ਤੁਹਾਨੂੰ ਇਸ ਗੱਲਬਾਤ ਵਿੱਚ ਮਦਦ ਦੀ ਲੋੜ ਹੈ, ਤਾਂ ਕਿਰਪਾ ਕਰ ਕੇ info@childrenofthestreet.com 'ਤੇ ਸਾਡੀ ਟੀਮ ਨਾਲ ਸੰਪਰਕ ਕਰੋ ਜਾਂ ਸਾਨੂੰ 604 777 7510 'ਤੇ ਫੋਨ ਕਰੋ।**

plea | Children of the Street